# INSANI KADRAN-KEEMTAN DI KAVITA - 'MALHUM'

# ਇਨਸਾਨੀ ਕਦਰਾਂ-ਕੀਮਤਾਂ ਦੀ ਕਵਿਤਾ - 'ਮੱਲ੍ਹਮ'

**ਡਾ. ਨਰੇਸ਼ ਕੁਮਾਰ** (Dr. Naresh Kumar)
**ਐਸੋਸੀਏਟ ਪ੍ਰੋਫੈਸਰ, ਪੰਜਾਬੀ ਅਤੇ ਡੋਗਰੀ ਵਿਭਾਗ**
**ਕੇਂਦਰੀ ਯੂਨੀਵਰਸਿਟੀ ਹਿਮਾਚਲ ਪ੍ਰਦੇਸ਼, ਧਰਮਸ਼ਾਲਾ**
Email ID: nareshaman2002@hpcu.ac.in
ਮੋਬਾਈਲ: +91-98788-89269

**ਜਗਜੀਤ ਸਿੰਘ** (Jagjeet Singh)
**ਖੋਜਾਰਥੀ, ਪੰਜਾਬੀ ਅਤੇ ਡੋਗਰੀ ਵਿਭਾਗ**
**ਕੇਂਦਰੀ ਯੂਨੀਵਰਸਿਟੀ ਹਿਮਾਚਲ ਪ੍ਰਦੇਸ਼, ਧਰਮਸ਼ਾਲਾ**
Email ID: jagjeetkotra007@gmail.com
ਮੋਬਾਈਲ: +91-98784-54898

**ਸਾਰ (Abstract)**

*ਜੰਜੂਆ ਦੀ ਕਵਿਤਾ ਵੱਖਰੀ ਭਾਸ਼ਕ ਸ਼ੈਲੀ ਲੈ ਕੇ ਆਉਂਦੀ ਹੈ। ਇਹ ਕਵਿਤਾ ਨਵੀਂ ਭਾਸ਼ਾ ਸ਼ੈਲੀ ਵਿਚ ਸਮਾਜ ਦੇ ਵਿਗਾੜਾਂ, ਵਰਤਾਰਿਆਂ ਨੂੰ ਜ਼ੁਬਾਨ ਦਿੰਦੀ ਨਜ਼ਰ ਆਉਂਦੀ ਹੈ। ਬਚਪਨ ਤੋਂ ਹੀ ਕਵੀ ਨੂੰ ਘਰ ਵਿੱਚ ਦੇਸ਼ ਵੰਡ ਸਬੰਧੀ ਕਹਾਣੀਆਂ ਸੁਣਨ ਨੂੰ ਮਿਲੀਆਂ, ਕਿਉਂਕਿ ਕਵੀ ਦਾ ਪਰਿਵਾਰ ਵੀ ਇਸ ਕਾਲੇ ਦੌਰ ਦਾ ਸੰਤਾਪ ਹੰਡਾ ਚੁੱਕਿਆ ਸੀ। ਇਸ ਤੋਂ ਬਾਅਦ ਹੋਏ ਯੁੱਧਾਂ ਜਿਵੇਂ ਕਿ ਸੰਨ 1965, ਸੰਨ 1971 ਦੇ ਮਹੌਲ ਨੂੰ ਕਵੀ ਨੇ ਖ਼ੁਦ ਵੇਖਿਆ ਸੀ। ਕਵੀ ਦੇ ਸਾਹਮਣੇ ਹੀ 84 ਦਾ ਮੰਜ਼ਰ ਵੀ ਵਾਪਰਿਆ। ਜਿਸ ਦਾ ਕਵੀ ਹਿਰਦੇ ਤੇ ਡੂੰਘਾ ਅਸਰ ਪਿਆ, ਜੋ ਉਸਦੀ ਕਵਿਤਾ ਵਿਚ ਵੀ ਵੇਖਿਆ ਜਾ ਸਕਦਾ ਹੈ। ਜੋ ਫਿਰਕੂ ਤਾਕਤਾਂ ਦੁਆਰਾ ਮੌਤ ਦਾ ਤਾਂਡਵ ਕੀਤਾ ਗਿਆ ਉਹ ਇਸ ਕਵਿਤਾ ਦਾ ਅਧਾਰ ਹੈ। ਹੱਸਦੇ ਵਸਦੇ ਘਰਾਂ ਨੂੰ ਖੰਡਰ ਦਾ ਰੂਪ ਦਿੱਤਾ ਗਿਆ। ਹਰ ਪਾਸੇ ਲਾਸ਼ਾਂ ਹੀ ਲਾਸ਼ਾਂ ਵਿਛਾ ਦਿੱਤੀਆਂ ਗਈਆਂ। ਕਿੰਨੀ ਵੱਡੀ ਗਿਣਤੀ ਵਿੱਚ ਮਨੁੱਖਤਾ ਦਾ ਘਾਣ ਕੀਤਾ ਗਿਆ। ਇਹ ਕਵਿਤਾ ਉਸਦੇ ਮਨੁੱਖਤਾਵਾਦੀ ਦ੍ਰਿਸ਼ਟੀਕੋਣ ਦਾ ਸਬੂਤ ਹੈ। ਇਹ ਕਵਿਤਾ ਪਰਵਾਸ ਦੀ ਉਹ ਕਹਾਣੀ ਬਿਆਨ ਕਰਦੀ ਹੈ। ਜਿਸ ਵਿਚ ਤਿੰਨ ਪੀੜੀਆਂ ਸ਼ਾਮਲ ਹਨ। ਪਰਵਾਸ ਕਰਨ ਵਾਲਾ ਵਿਅਕਤੀ ਇਕੱਲਾ ਹੀ ਸੰਤਾਪ ਨਹੀਂ ਭੋਗਦਾ ਸਗੋਂ ਉਸਦੇ ਕਰੀਬੀ ਵੀ ਇਸ ਸੰਤਾਪ ਵਿਚ ਬਰਾਬਰ ਦੇ ਸ਼ਰੀਕ ਹੁੰਦੇ ਹਨ। ਉਹ ਪਰਵਾਸੀ ਦੀ ਉਡੀਕ ਦੇ ਰੂਪ ਵਿਚ, ਇਸ ਨੂੰ ਭੋਗਦੇ ਹਨ। ਇਥੇ ਹੀ ਇਸ ਕਾਵਿ ਸੰਗ੍ਰਹਿ ਵਿਚ ਪਰਵਾਸ ਕਾਰਨ ਉਤਪੰਨ ਹੋਏ ਪੀੜ੍ਹੀ-ਪਾੜ੍ਹੇ ਨੂੰ ਵੀ ਉਜਾਗਰ ਕਰਦਾ ਹੈ। ਕਵੀ ਸਮਾਜ ਵਿਚਲੇ ਅਨਿਆਂ, ਸਮਾਜਿਕ ਕੁਰੀਤੀਆਂ ਜਾਂ ਸ਼ੋਸ਼ਣ ਆਦਿ ਨੂੰ ਵੀ ਆਪਣੀਆਂ ਕਵਿਤਾਵਾਂ ਵਿੱਚ ਪੇਸ਼ ਕਰਣ ਦੇ ਨਾਲ-ਨਾਲ, ਆਪਣੀ ਕਵਿਤਾ ਨੂੰ ਲੋਕਾਈ ਦੇ ਪੱਖ ਵਿਚ ਲਿਖਦਾ ਹੈ। ਇਹ ਕਵਿਤਾ ਸਮਾਜਿਕ ਸਰੋਕਾਰਾਂ ਨਾਲ ਜੁੜੀ ਕਵਿਤਾ ਹੈ। ਇਹ ਕਵਿਤਾ ਅਰਸ ਨਹੀਂ ਫਰਸ਼ ਦੀ ਕਵਿਤਾ ਹੈ। ਡਾ. ਜੰਜੂਆ ਦੀ ਕਵਿਤਾ ਸ਼ੋਸ਼ਿਤ ਵਰਗ, ਉਹ ਚਾਹੇ ਮਜਦੂਰ ਹੋਣ, ਔਰਤਾਂ ਹੋਣ ਜਾਂ ਕਿਸਾਨ ਹੋਣ ਸਭ ਲੋਕਾਂ ਦੀਆਂ ਅਕਾਂਖਿਆਵਾਂ ਨੂੰ ਲਿਖਦੀ ਹੋਈ ਬਰਾਬਰੀ ਦਾ ਸਮਾਜ ਸਿਰਜਣ ਦੀ ਹਾਮੀ ਨਜ਼ਰ ਆਉਂਦੀਹੈ।*

***ਕੀਵਰਡ (Keyword): ਪੀੜੀ-ਪਾੜਾ, ਅਕਾਂਖਿਆਵਾਂ, ਮਨੁੱਖਤਾਵਾਦੀ, ਸੰਤਾਪ, ਫਿਰਕੂ, ਤਾਂਡਵ, ਘਾਣ, ਪਰਵਾਸੀ, ਸ਼ੋਸ਼ਣ, ਕਾਇਨਾਤ, ਮੰਜ਼ਰ।***

ਕਵਿਤਾ ਸਾਹਿਤ ਦਾ ਅਜਿਹਾ ਰੂਪ ਹੈ ਜੋ ਸਾਡੀਆਂ ਭਾਵਨਾਵਾਂ ਦਾ ਲੈਅਬੱਧ ਪ੍ਰਗਟਾਅ ਕਰਦਾ ਹੈ। ਕਵਿਤਾ ਮਨੁੱਖ ਦੁਆਰਾ ਸਿਰਜੀਆਂ ਲਲਿਤ ਕਲਾਵਾਂ ਵਿਚੋਂ ਮਹੱਤਵਪੂਰਨ ਕਲਾ ਹੈ। ਪੰਜਾਬੀ ਭਾਸ਼ਾ ਵਿਚ ਕਵਿਤਾ ਦਾ ਆਰੰਭ ਨਾਥ ਜੋਗੀਆਂ ਦੀ ਕਵਿਤਾ ਨਾਲ ਹੋਇਆ, ਜੋ ਵਿਕਸਿਤ ਹੋ ਕੇ ਅਜੋਕੇ ਸਮੇਂ ਤੱਕ ਪਹੁੰਚ ਗਿਆ ਹੈ। ਅਜੋਕੀ ਪੰਜਾਬੀ ਕਵਿਤਾ ਮਨੁੱਖੀ ਜੀਵਨ ਦੇ ਵਿਭਿੰਨ ਪਹਿਲੂਆਂ ਨੂੰ ਸਿਰਜ ਰਹੀ ਹੈ। ਜਿੱਥੇ ਮੱਧਕਾਲੀ ਕਵਿਤਾ ਅਲੌਕਿਕ ਵਿਸ਼ਿਆਂ ਨੂੰ ਆਪਣੀ ਸਿਰਜਣਾ ਦਾ ਅਧਾਰ ਬਣਾਉਂਦੀ ਸੀ, ਉੱਥੇ ਅਜੋਕੀ ਕਵਿਤਾ ਸਾਡੇ ਸਮਾਜਿਕ ਸਰੋਕਾਰਾਂ ਨੂੰ ਸਿਰਜਣਾ ਦਾ ਕੇਂਦਰ ਬਣਾਉਂਦੀ ਹੈ। ਕਵੀ ਅਤੇ ਕਵਿਤਾ ਮਾਨਵੀ ਸਮਾਜ ਦਾ ਹੀ ਹਿੱਸਾ ਹੁੰਦੇ ਹਨ। ਕਵਿਤਾ ਅਜਿਹਾ ਮਾਧਿਅਮ ਹੈ ਜਿਸ ਰਾਹੀਂ ਕਵੀ ਸਾਡੇ ਸਮਾਜ ਦੇ ਵਿਭਿੰਨ ਵਰਤਾਰਿਆਂ ਦਾ ਸੁਹਜਾਤਮਕ ਪ੍ਰਗਟਾਅ ਕਰਦਾ ਹੋਇਆ ਆਪਣੀ ਪ੍ਰਤੀਕਿਰਿਆ ਦਿੰਦਾ ਹੈ। ਇਹ ਸਮਾਜਿਕ ਵਰਤਾਰੇ ਕਿਸੇ ਵੀ ਕਵਿਤਾ ਦੇ ਸਿਰਜਣ ਦਾ ਮਹੱਤਵਪੂਰਨ ਅਧਾਰ ਬਣਦੇ ਹਨ। ਇਸ ਸੰਦਰਭ ਵਿਚ ਡਾ. ਕਰਮਜੀਤ ਸਿੰਘ ਦੇ ਦੋ ਮੱਤ ਇਸ ਪ੍ਰਕਾਰ ਹਨ-

> *ਕਵਿਤਾ ਜੀਵਨ ਅਤੇ ਪ੍ਰਕਿਰਤੀ ਦਾ ਅਨੁਕਰਣਸ਼ੀਲ ਸੁਹਜਾਤਮਕ ਰੂਪਾਂਤ੍ਰਣ ਹੈ।*[1]

> *ਕਵਿਤਾ ਦੇ ਵਿਕਾਸ ਦਾ ਢਾਂਚਾ ਸਮਾਜਿਕ ਜੀਵਨ ਨਾਲ ਓਤ ਪੋਤ ਹੁੰਦਾ ਹੈ। ਸਮਾਜਿਕ ਜੀਵਨ ਨਾਲ ਇਹ ਜਨਮਦਾ, ਇਸ ਦੇ ਨਾਲ ਹੀ ਆਪਣੀਆਂ ਉੱਚਤਮ ਸਿਖਰਾਂ ਛੂੰਹਦਾ ਹੈ ਤੇ ਸਮਾਜ ਦੇ ਪਤਨ ਨਾਲ ਹੀ*

*ਮਾਂਦ ਪੈ ਜਾਂਦਾ ਹੈ।*[2]

ਕਵਿਤਾ ਮਾਨਵੀ ਸਮਾਜ ਦੀ ਰਚਨਾ ਹੈ। ਭਾਵ ਕਿ ਕਵੀ ਜੋ ਸਮਾਜਿਕ ਘਟਨਾਵਾਂ ਨੂੰ ਵਾਪਰਦਾ ਦੇਖਦਾ ਹੈ। ਉਸ ਦਾ ਅਨੁਕਰਣ ਕਰਕੇ, ਕਵੀ ਆਪਣੀ ਬੁੱਧੀ ਦੇ ਨਾਲ ਅਤੇ ਆਪਣੇ ਸਿਰਜਣਾਤਮਕ ਕੌਸ਼ਲ ਦੀ ਵਰਤੋਂ ਕਰਕੇ, ਉਸ ਨੂੰ ਸੁਹਜਾਤਮਕ ਰੂਪ ਵਿੱਚ ਪੇਸ਼ ਕਰਦਾ ਹੈ। ਕਵਿਤਾ ਵਿਚਲਾ ਸੁਹਜ ਪ੍ਰਬੰਧ ਹੀ ਇਸਨੂੰ ਬਾਕੀ ਸਾਹਿਤਕ ਸਿਨਫ਼ਾ ਨਾਲੋਂ ਵੱਖਰੀ ਹੋਂਦ ਦਿੰਦਾ ਹੈ। ਸੁਹਜ ਕਵਿਤਾ ਦਾ ਅਜਿਹਾ ਗੁਣ ਹੈ ਜੋ ਕਿਸੇ ਵੀ ਕੀਮਤ ‘ਤੇ ਕਵਿਤਾ ਵਿੱਚੋਂ ਮਨਫ਼ੀ ਨਹੀਂ ਹੋ ਸਕਦਾ। ਇਸ ਤੱਥ ਦੀ ਪ੍ਰੋੜਤਾ ਸਾਰਤਰ ਵੀ ਕਰਦਾ ਹੈ ਜੋ ਕਿ ਡਾ. ਹਰਿਭਜਨ ਸਿੰਘ ਦੀ ਪੁਸਤਕ **ਸਾਹਿਤ ਵਿਗਿਆਨ** ਵਿਚ ਵੇਖਿਆ ਜਾ ਸਕਦਾ ਹੈ। ਉਹ ਕਹਿੰਦਾ ਹੈ ਕਿ-

*ਕਵੀ ਲਈ ਵਾਕ ਇੱਕ ਟੋਨ ਹੈ, ਇੱਕ ਸ਼ੇਡ, ਇਕ ਟੇਸਟ ਹੈ। ਜੀਵਨ ਪ੍ਰਤੀ ਪਿਆਰ, ਭੈ, ਘਿਰਣਾ, ਰੋਸ ਇਹ ਸਭ ਭਾਵ ਸ਼ਬਦ ਸ਼ੇਡ ਬਣ ਕੇ ਇੱਕ ਦੂਜੇ ਨਾਲ ਜੁੜਦੇ ਜਾਂਦੇ ਹਨ। ਉਹ ਆਪਣੀ ਗੱਲ ਹੀ ਨਹੀਂ ਦੱਸਦਾ, ਆਪਣੇ ਮਨ ਦਾ ਵੀ ਵਾਤਾਵਰਨ ਉਲੀਕਦਾ ਹੈ।*[3]

ਜੇਕਰ ਕਵਿਤਾ ਨੂੰ ਹੋਰ ਵੰਨਗੀਆ ਨਾਲੋਂ ਵੱਖਰਾਉਣ ਦੀ ਗੱਲ ਕੀਤੀ ਜਾਵੇ ਤਾਂ ਇਸ ਦੀ ਕਾਵਿ ਭਾਸ਼ਾ ਹੀ ਇਸਦਾ ਅਜਿਹਾ ਗੁਣ ਹੈ। ਜੋ ਕਵਿਤਾ ਦੀ ਵੱਖਰੀ ਹੋਂਦ ਨਿਰਧਾਰਿਤ ਕਰਦੀ ਹੈ। ਕਵਿਤਾ ਦੂਜੀਆਂ ਵੰਨਗੀਆਂ ਨਾਵਲ, ਕਹਾਣੀ, ਵਾਰਤਕ, ਨਾਟਕ, ਸਫ਼ਰਨਾਮਾ ਆਦਿ ਨਾਲੋਂ ਆਪਣੀ ਵੱਖਰੀ ਹੋਂਦ ਕਾਵਿਕ ਭਾਸ਼ਾ ਕਾਰਨ ਵੀ ਬਣਾਉਂਦੀ ਹੈ। ਕਵਿਤਾ ਵਿਚ ਕਲਪਨਾ ਅਤੇ ਭਾਸ਼ਾ ਦਾ ਸੁਯੋਗ ਹੁੰਦਾ ਹੈ। ਲੇਖਕ ਦੁਆਰਾ ਵਰਤੀ ਗਈ ਵਿਲੱਖਣ ਭਾਸ਼ਾ ਉਸ ਨੂੰ ਦੂਜੇ ਲੇਖਕਾਂ ਨਾਲੋਂ ਵੀ ਵੱਖਰੀ ਦਿੱਖ ਪ੍ਰਦਾਨ ਕਰਦੀ ਹੈ। ਹਰ ਲੇਖਕ ਦੀ ਲਿਖਣ ਸ਼ੈਲੀ ਵੱਖਰੀ ਭਾਂਤ ਦੀ ਹੁੰਦੀ ਹੈ। ਕਵਿਤਾ ਵਿਚ ਲੇਖਕ ਦੇ ਨਿੱਜੀ ਭਾਵ, ਵਿਚਾਰ ਜਾਂ ਸਮਾਜਿਕ ਸਰੋਕਾਰ ਪੇਸ਼ ਹੁੰਦੇ ਹਨ। ਇਸ ਨੂੰ ਲੇਖਕ ਇਸ ਪ੍ਰਕਾਰ ਪੇਸ਼ ਕਰਦਾ ਹੈ ਕਿ ਇਹ ਭਾਵ ਤੇ ਵਿਚਾਰ ਨਿੱਜੀ ਨਾ ਹੋ ਕੇ ਸਰਵ ਸਾਂਝੇ ਪ੍ਰਤੀਤ ਹੁੰਦੇ ਹਨ। ਉਹ ਆਪਣੇ ਭਾਵਾਂ ਨੂੰ ਸੰਕੇਤਾਂ, ਰਮਜ਼ਾਂ, ਅਤੇ ਬਿੰਬਾਵਲੀ ਦੇ ਮਾਧਿਅਮ ਰਾਹੀਂ ਪ੍ਰਸਤੁਤ ਕਰਦਾ ਹੈ। ਕਵਿਤਾ ਵਿਚਲਾ ਛੰਦ ਵਿਧਾਨ ਵੀ ਪੇਸ਼ਕਾਰੀ ਦਾ ਅਹਿਮ ਪਹਿਲੂ ਹੁੰਦਾ ਹੈ। ਭਾਵੇਂ ਇਸ ਦੌਰ ਵਿਚ ਛੰਦ ਮੁਕਤ ਕਵਿਤਾ ਵੀ ਲਿਖੀ ਜਾ ਰਹੀ ਹੈ। ਇਸ ਖੁੱਲ੍ਹੀ ਕਵਿਤਾ ਵਿਚ ਕਵੀ ਨੂੰ ਹਰ ਪ੍ਰਕਾਰ ਦੀ ਖੁੱਲ ਹੁੰਦੀ ਹੈ, ਪਰ ਇਸ ਵਿਚ ਵੀ ਲੈਅ, ਆਦਿ ਦਾ ਖ਼ਿਆਲ ਰੱਖਿਆ ਜਾਂਦਾ ਹੈ, ਨਹੀਂ ਤਾਂ ਇਸ ਤੋਂ ਬਿਨਾਂ ਕਵਿਤਾ ਵਾਰਤਕ ਜਾਪੇਗੀ। ਖੁੱਲ੍ਹੀ ਕਵਿਤਾ ਨੂੰ ਪ੍ਰਰਿਭਾਸ਼ਿਤ ਕਰਦਾ ਹੋਇਆ ਗੁਰੂਮੇਲ ਸਿੱਧੂ ਆਪਣਾ ਮੱਤ ਪੇਸ਼ ਕਰਦਾ ਹੈ-

*ਖੁੱਲ੍ਹੀ ਕਵਿਤਾ ਦੀ ਸਿਰਜਣਾ ਇਕ ਪ੍ਰਕਾਰ ਨਾਲ ਹਨੇਰੇ ਤੋਂ ਚਾਨਣ ਵੱਲ ਨੂੰ ਜ਼ਿਆਦਤ ਕਰਨ ਵਾਂਗ ਹੈ। ਇਸੇ ਕਰਕੇ ਅੱਜਕੱਲ੍ਹ ਇਸ ਨੂੰ ਖੁੱਲ੍ਹੇ ਰੂਪ (Open form) ਵਾਲੀ ਕਵਿਤਾ ਕਿਹਾ ਜਾਂਦਾ ਹੈ। ਹਰੇਕ ਖੁੱਲ੍ਹੀ ਕਵਿਤਾ ਦਾ ਰੂਪ ਵੱਖਰਾ ਵੱਖਰਾ ਹੈ ਪਰ ਸਤਰਬੰਦੀ ਦੀਆਂ ਤਕਨੀਕਾਂ ਵਿਚ ਸਾਂਝ ਹੋਣ ਕਰਕੇ, ਇਸ ਵੱਖਰੇਪਨ ਵਿਚੋਂ ਵੀ ਰੂਪ ਦੀ ਸਮੱਗਰਤਾ ਦੀ ਝਲਕ ਪੈਂਦੀ ਹੈ।*[4]

ਖੁੱਲ੍ਹੀ ਕਵਿਤਾ ਵਿਚ ਭਾਵਾਂ ਤੇ ਵਿਚਾਰਾਂ ਦੀ ਮਹੱਤਤਾ ਹੁੰਦਾ ਹੈ। ਆਪਣੇ ਅੰਤਰਮਨ ਦੀਆਂ ਸੰਵੇਦਨਾਵਾਂ ਨੂੰ ਵਿਅਕਤ ਕਰਨ ਲਈ ਇਹ ਖੁੱਲ੍ਹੀ ਕਵਿਤਾ ਕਾਰਗਰ ਸਾਧਨ ਹੈ। ਇਸ ਵਿਧਾ ਨੂੰ ਆਧੁਨਿਕ ਸਮੇਂ ਦੇ ਸਾਰੇ ਲੇਖਕ ਅਪਣਾ ਅਤੇ ਨਿਭਾਅ ਰਹੇ ਹਨ।

ਜੰਜੂਆ ਦੀ ਕਵਿਤਾ ਵੱਖਰੀ ਭਾਸ਼ਕ ਸ਼ੈਲੀ ਲੈ ਕੇ ਆਉਂਦੀ ਹੈ। ਇਹ ਕਵਿਤਾ ਨਵੀਂ ਭਾਸ਼ਾ ਸ਼ੈਲੀ ਵਿਚ ਸਮਾਜ ਦੇ ਵਿਗਾੜਾਂ, ਵਰਤਾਰਿਆਂ ਨੂੰ ਜ਼ੁਬਾਨ ਦਿੰਦੀ ਨਜ਼ਰ ਆਉਂਦੀ ਹੈ। ਜੰਜੂਆ ਵੀ ਖੁੱਲ੍ਹੀ ਕਵਿਤਾ ਰਾਹੀਂ ਹੀ ਆਪਣੀਆਂ ਸੰਵੇਦਨਾਵਾਂ ਜ਼ਾਹਿਰ ਕਰਦਾ ਹੈ। ਇਹਨਾਂ ਕਾਰਨਾਂ ਡਾ. ਕੁਲਜੀਤ ਕਰਕੇ ਹੀ ਉਸਦਾ ਜੀਵਨ ਅਤੇ ਰਚਨਾ ਵੀ ਖ਼ਾਸ ਧਿਆਨ ਦੀ ਮੰਗ ਕਰਦੇ ਹਨ। ਡਾ. ਜੰਜੂਆ ਪੰਜਾਬੀ ਪਰਵਾਸੀ ਕਵੀ ਹੈ। ਜਿਸ ਦਾ ਜਨਮ ਪੰਜਾਬ ਦੇ ਜ਼ਿਲ੍ਹੇ ਹੁਸ਼ਿਆਰਪੁਰ ਦੇ ਇੱਕ ਪਿੰਡ ਕੂਕੋਵਾਲ ਵਿੱਚ 09 ਨਵੰਬਰ 1963 ਈ. ਨੂੰ ਹੋਇਆ। ਬਚਪਨ ਤੋਂ ਹੀ ਕਵੀ ਨੂੰ ਘਰ ਵਿੱਚ ਦੇਸ਼ ਵੰਡ ਸਬੰਧੀ ਕਹਾਣੀਆਂ ਸੁਣਨ ਨੂੰ ਮਿਲੀਆਂ, ਕਿਉਂਕਿ ਕਵੀ ਦਾ ਪਰਿਵਾਰ ਵੀ ਇਸ ਕਾਲੇ ਦੌਰ ਦਾ ਸੰਤਾਪ ਹੰਡਾ ਚੁੱਕਿਆ ਸੀ। ਇਸ ਤੋਂ ਬਾਅਦ ਹੋਏ ਯੁੱਧਾਂ ਜਿਵੇਂ ਕਿ ਸੰਨ 1965, ਸੰਨ 1971 ਦੇ ਮਹੌਲ ਨੂੰ ਕਵੀ ਨੇ ਖ਼ੁਦ ਵੇਖਿਆ ਸੀ। ਕਵੀ ਦੇ ਸਾਹਮਣੇ ਹੀ 84 ਦਾ ਮੰਜ਼ਰ ਵੀ ਵਾਪਰਿਆ। ਜਿਸ ਦਾ ਕਵੀ ਹਿਰਦੇ ਤੇ ਡੂੰਘਾ ਅਸਰ ਪਿਆ, ਜੋ ਉਸਦੀ ਕਵਿਤਾ ਵਿਚ ਵੀ ਵੇਖਿਆ ਜਾ ਸਕਦਾ ਹੈ। ਡਾ. ਜੰਜੂਆ ਦਾ **ਮੱਲ੍ਹਮ** (2023) ਪਹਿਲਾ ਕਾਵਿ ਸੰਗ੍ਰਹਿ ਹੈ। ਇਸ ਕਾਵਿ ਸੰਗ੍ਰਹਿ ਵਿੱਚ 70 ਕਵਿਤਾਵਾਂ ਅਤੇ 11 ਹਾਇਕੂ ਹਨ। ਇਹ ਸਾਰੀ ਦੀਆਂ ਸਾਰੀਆਂ ਰਚਨਾਵਾਂ ਹੀ ਵਿਲੱਖਣ ਗੁਣਾਂ ਦੀਆਂ ਧਾਰਨੀ ਹਨ। ਇਹਨਾਂ ਵਿੱਚ ਕਵੀ ਦੁਆਰਾ ਵਿਭਿੰਨ ਵਿਸ਼ਿਆਂ ਨੂੰ ਛੋਹਿਆ ਗਿਆ ਹੈ। ਕਾਵਿ ਸੰਗ੍ਰਹਿ ਦਾ ਨਾਮ **ਮੱਲ੍ਹਮ** ਰੱਖਣਾ ਵੀ ਵੱਖਰੇ ਭਾਂਤ ਦਾ ਮੈਟਾਫ਼ਰ ਹੈ। ਜਿਸ ਤਰ੍ਹਾਂ ਮੱਲ੍ਹਮ ਜ਼ਖ਼ਮ ਨੂੰ ਰਾਹਤ ਦਿੰਦੀ ਹੈ।

ਉਸ ਤਰ੍ਹਾਂ ਹੀ ਇਹ ਕਾਵਿ ਦਿਲ ਨੂੰ ਸਕੂਨ ਦਿੰਦਾ ਹੈ। ਪਹਿਲੇ ਕਾਵਿ ਸੰਗ੍ਰਹਿ ਤੋਂ ਹੀ ਜੰਜੂਆ ਦੀ ਪ੍ਰੋੜ ਲੇਖਣੀ ਦਾ ਪਤਾ ਲਗਦਾ ਹੈ। ਜੰਜੂਆ ਨੇ ਆਪਣੇ ਕਾਵਿ ਸੰਗ੍ਰਹਿ ਵਿੱਚ ਕੁਦਰਤ, ਕਾਇਨਾਤ, ਮੁਹੱਬਤ, ਦੇਸ਼ ਵੰਡ, ਜ਼ੁਲਮ ਤੇ ਜ਼ਾਲਮ, ਕਾਮਿਆ-ਮਜ਼ਦੂਰਾਂ, ਔਰਤਾਂ ਆਦਿ ਦੀਆਂ ਸੰਵੇਦਨਾਵਾਂ ਦੀ ਗੱਲ ਕੀਤੀ ਹੈ। ਇਹ ਸਾਰਾ ਕੁਝ ਕਵੀ ਨੇ ਆਪਣੇ ਪੁਰਖਿਆਂ ਕੋਲੋਂ ਸੁਣਿਆ ਹੈ ਜਾਂ ਆਪ ਹੱਡੀਂ ਹੰਡਾਇਆ ਹੈ। ਜਿਸ ਦਾ ਪ੍ਰਭਾਵ ਉਸ ਦੇ ਅੰਤਰਮਨ ਉੱਪਰ ਪਿਆ ਅਤੇ ਬਾਅਦ ਵਿਚ ਕਵਿਤਾ ਸਿਰਜਣ ਦਾ ਅਧਾਰ ਬਣਿਆ। ਕਵੀ ਆਪਣੀਆਂ ਕਵਿਤਾਵਾਂ ਵਿੱਚ ਪ੍ਰਵਾਸ ਬਾਰੇ ਵੀ ਗੱਲ ਕਰਦਾ ਹੈ। ਕੈਨੇਡਾ ਪ੍ਰਵਾਸ ਧਾਰਨ ਮਗਰੋਂ ਕਵੀ ਦੀ ਕਵਿਤਾ ਸਿਰਜਣਾ ਹੋਰ ਤੀਬਰ ਹੋ ਗਈ। ਇੱਥੇ ਆ ਕੇ ਕਵੀ ਨੇ ਆਪਣੀ ਪਹਿਲੀ ਕਵਿਤਾ ਸਤੰਬਰ 1992 ਚ ਲਿਖੀ। ਜੋ ਕਿ **ਮਾਂ** ਨੂੰ ਸੰਬੋਧਿਤ ਸੀ। ਇਸ ਤੋਂ ਬਾਅਦ ਕਵੀ ਦਾ ਸਿਰਜਣ ਕਾਰਜ ਨਾਲੋ ਨਾਲ ਚਲਦਾ ਰਿਹਾ।

**ਮੱਲ੍ਹਮ** ਕਾਵਿ ਸੰਗ੍ਰਹਿ ਵਿੱਚ ਦਸ ਦੇ ਲਗਭਗ ਕਵਿਤਾਵਾਂ ਦੇਸ਼ ਵੰਡ ਨਾਲ ਸੰਬੰਧਿਤ ਹਨ। ਇਹ ਵੰਡ ਦੇ ਕਾਰਨ ਕਵੀ ਦੇ ਪਰਿਵਾਰ ਨੂੰ ਪਾਕਿਸਤਾਨ ਤੋਂ ਭਾਰਤ ਆਉਣਾ ਪਿਆ ਸੀ। ਦੇਸ ਵੰਡ ਦਾ ਸੰਤਾਪ ਪਰਿਵਾਰ ਦਾ ਜ਼ਾਤੀ ਅਨੁਭਵ ਹੈ। ਬਚਪਨ ਤੋਂ ਹੀ ਕਵੀ ਆਪਣੇ ਵਡੇਰਿਆਂ ਕੋਲੋਂ ਇਸ ਬਾਰੇ ਸੁਣਦਾ ਰਹਿੰਦਾ ਸੀ। ਬਾਲ ਅਵਸਥਾ ਵਿੱਚ ਇਸ ਵਰਤਾਰੇ ਨੇ ਬਾਲ ਮਨ ਤੇ ਗਹਿਰਾ ਅਸਰ ਕੀਤਾ। ਜਿਸ ਨੂੰ ਬਾਅਦ ਵਿੱਚ ਉਸ ਨੇ ਕਵਿਤਾ ਦੇ ਰੂਪ ਵਿਚ ਅਭਿਵਿਅਕਤ ਕੀਤਾ ਹੈ:

*ਮੁਰੱਬਿਆਂ ਦੇ ਮੁਰੱਬੇ*
*ਸਭ ਆਏ ਸਾਂ ਛੱਡ*
*ਤੀਲਾ-ਤੀਲਾ ਸੀ ਕਰ ਜੋੜਿਆ*
*ਤੋੜ-ਤੋੜ ਹੱਡ*
*ਵਾਪਰਿਆ ਐਸਾ ਕਹਿਰ*
*ਲੱਖੋਂ-ਕੱਖ ਹੋਏ*
*ਜਾਨ ਹੀ ਜਾਪੀ*
*ਵੱਡੀ ਜਾਇਦਾਦ*[5]

ਇਹ ਸੰਤਾਪ ਇਸ ਪ੍ਰਕਾਰ ਕਵਿਤਾ ਦੀ ਪ੍ਰਤੀਧੁਨੀ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਇਸ ਪ੍ਰਕਿਰਿਆ ਵਿਚ ਜੰਜੂਆ ਦਾ ਨਿੱਜੀ ਹੰਡਾਇਆ ਸੰਤਾਪ ਵੀ ਝਲਕਦਾ ਹੈ। ਕਵਿਤਾ ਵਿੱਚ ਉਹ ਇਸ ਵੰਡ ਨੂੰ ਮੰਦਭਾਗਾ ਮੰਨਦਾ ਹੋਇਆ ਭਵਿੱਖ ਲਈ ਸੁਖਾਵੇਂ ਹਾਲਾਤਾਂ ਦੀ ਕਾਮਨਾ ਕਰਦਾ ਹੈ। ਕਵੀ ਚੜਦੇ ਤੇ ਲਹਿੰਦੇ ਪੰਜਾਬ ਦੇ ਭਲੇ ਲਈ ਅਰਦਾਸ ਕਰਦਾ ਹੈ, ਕਿ ਇਹ ਸਦਾ ਖ਼ੁਸ਼ਹਾਲ ਰਹਿਣ। ਜਿੱਥੇ ਕਵੀ 47 ਦੇਸ਼ ਦੀ ਵੰਡ ਦੀ ਗੱਲ ਕਰਦਾ ਹੈ। ਉੱਥੇ ਨਾਲ ਹੀ 84 ਦੇ ਦੌਰ ਦੀ ਵੀ ਗੱਲ ਕਰਦਾ ਹੈ। ਇਸ ਕਾਲੇ ਦੌਰ ਨੂੰ ਕਵੀ ਨੇ ਬੜੇ ਨੇੜੇ ਤੋਂ ਤੱਕਿਆ ਹੈ। ਜਿਸ ਦਾ ਕਵੀ ਮਨ 'ਤੇ ਬੜਾ ਡੂੰਘਾ ਅਸਰ ਪਿਆ। ਆਂਢ-ਗੁਆਂਢ ਦੇ ਘਰਾਂ ਦੇ ਘਰ ਖਾਲ੍ਹੀ ਹੋ ਗਏ। **ਮੱਲ੍ਹਮ** ਕਾਵਿ ਸੰਗ੍ਰਹਿ ਵਿੱਚ ਇੱਕ ਕਵਿਤਾ **ਹੋਂਦ ਚਿੱਲੜ** ਹੈ। ਜਿਸਦਾ ਨਾਮ ਹਰਿਆਣਾ ਦੀ ਰੇਵਾੜੀ ਜ਼ਿਲ੍ਹਾ ਦੇ ਪਿੰਡ ਤੋਂ ਰੱਖਿਆ ਗਿਆ ਹੈ। ਫ਼ਿਰਕੂ ਤਾਕਤਾਂ ਨੇ ਇਸ ਪਿੰਡ ਨੂੰ 1984 ਦੇ ਘਟਨਾਕ੍ਰਮ ਸਮੇਂ ਖੰਡਰ ਬਣਾ ਦਿੱਤਾ ਸੀ। ਕਵੀ ਦੀਆਂ ਕਵਿਤਾਵਾਂ ਵਿਚ ਇਸ ਮੰਜ਼ਰ ਨੂੰ ਬਿਆਨ ਕੀਤਾ ਗਿਆ ਹੈ:

*ਰੌਸ਼ਨੀ ਰਹਿਤ ਇਹ ਘਰ*
*ਤੁਸਾਂ ਹੀ*
*ਕਰਨੇ ਚਾਹੇ ਸਨ*
*ਨਕਸ਼ੇ 'ਚੋਂ ਬਾਹਰ*
*ਇਹਨਾਂ ਘਰਾਂ ਦੇ ਮਲਬੇ 'ਚ*
*ਪਈਆਂ ਲਾਸ਼ਾਂ 'ਤੇ*
*ਤੁਸੀਂ ਹੀ ਕੀਤਾ ਸੀ*
*ਤਾਂਡਵ*[6]

ਜੋ ਫ਼ਿਰਕੂ ਤਾਕਤਾਂ ਦੁਆਰਾ ਮੌਤ ਦਾ ਤਾਂਡਵ ਕੀਤਾ ਗਿਆ ਉਹ ਇਸ ਕਵਿਤਾ ਦਾ ਅਧਾਰ ਹੈ। ਹੱਸਦੇ ਵੱਸਦੇ ਘਰਾਂ ਨੂੰ ਖੰਡਰ ਦਾ ਰੂਪ ਦਿੱਤਾ ਗਿਆ। ਹਰ ਪਾਸੇ ਲਾਸ਼ਾਂ ਹੀ ਲਾਸ਼ਾਂ ਵਿਛਾ ਦਿੱਤੀਆਂ ਗਈਆਂ। ਕਿੰਨੀ ਵੱਡੀ ਗਿਣਤੀ ਵਿੱਚ ਮਨੁੱਖਤਾ ਦਾ ਘਾਣ ਕੀਤਾ ਗਿਆ। ਇਹ ਕਵਿਤਾ ਉਸਦੇ ਮਨੁੱਖਤਾਵਾਦੀ ਦ੍ਰਿਸ਼ਟੀਕੋਣ ਦਾ ਸਬੂਤ ਹੈ। ਇਸ ਕਾਵਿ ਸੰਗ੍ਰਹਿ ਵਿਚ **ਤੇਰਾ ਪਿਆਰ**, **ਬਾਪ**, **ਹੋਂਦ ਚਿੱਲੜ**, **ਭਰਮ**, **ਘਾਣ**, **ਚੱਕ 129 ਜਨੂਬੀ ਸਰਗੋਧਾ**, **ਕਹਿਰ**, **ਵੰਡ** ਆਦਿ ਕਵਿਤਾਵਾਂ ਪੰਜਾਬ ਸੰਕਟ ਜਾਂ ਵੰਡ ਨਾਲ ਸੰਬੰਧਿਤ ਹਨ।

ਜੰਜੂਆ ਦੀ ਕਵਿਤਾ ਤਤਕਾਲੀ ਮਸਲਿਆਂ ਨੂੰ ਵੀ ਕਵਿਤਾ ਦਾ ਅਧਾਰ ਬਣਾਉਂਦੀ ਹੈ। ਇਹ ਕਵਿਤਾ ਜਿੱਥੇ ਲੰਘ ਗਏ ਸਮੇਂ ਦੇ ਸੰਕਟਾਂ ਨੂੰ ਬਿਆਨ ਕਰਦੀ ਹੈ, ਉੱਥੇ ਇਹ ਅੱਜ ਦੇ ਵਰਤਾਰਿਆਂ ਨੂੰ ਵੀ ਪਛਾਣਦੀ ਹੈ। ਜੰਜੂਆ ਦੀ ਕਵਿਤਾ 2020 ਵਿਚ ਚੱਲੀ ਭਿਆਨਕ ਬਿਮਾਰੀ ਕਰੋਨਾ ਦੇ ਦੁਖਾਂਤ ਦਾ ਵੀ ਵਰਨਣ ਕਰਦੀ ਹੈ। ਇਸ ਨੇ ਜ਼ਿੰਦਗੀ ਦੀ ਰਫ਼ਤਾਰ ਨੂੰ ਧੀਮਾ ਪਾ ਦਿੱਤਾ ਸੀ। ਇਸ ਮਾਹਾਂਮਾਰੀ ਦੀ ਲਪੇਟ ਚ ਇਕੱਲਾ ਭਾਰਤ ਹੀ ਨਹੀਂ ਸਗੋਂ ਪੂਰਾ ਵਿਸ਼ਵ

ਆ ਗਿਆ ਸੀ। ਇਸ ਮਾਹਾਂਮਾਰੀ ਦੌਰਾਨ ਬਹੁਤ ਜਾਨੀ ਨੁਕਸਾਨ ਹੋਇਆ ਸੀ। ਲੋਕਾਂ ਨੇ ਆਪਣੇ-ਆਪ ਨੂੰ ਘਰਾਂ ਅੰਦਰ ਹੀ ਬੰਦ ਕਰ ਲਿਆ ਸੀ। ਇਸ ਦੌਰ ਨੇ ਸੰਸਾਰ ਦੀ ਤਰੱਕੀ ਦੀ ਰਫ਼ਤਾਰ ਨੂੰ ਮੱਧਮ ਹੀ ਨਹੀਂ ਕੀਤਾ ਸਗੋਂ ਰੋਕ ਹੀ ਦਿੱਤਾ ਸੀ। ਇਹ ਭਾਵ ਜੰਜੂਆ ਦੀ ਕਵਿਤਾ ਵਿਚ ਵੇਖਿਆ ਜਾ ਸਕਦਾ ਹੈ:

*ਖੰਭ ਵੀ ਨੇ*
*ਤੇ ਉੱਡਣ ਦੀ ਹਿੰਮਤ ਵੀ*
*ਪਰ*
*ਆਜ਼ਾਦੀ ਕਿੱਥੇ ਹੈ ?*
*ਪਿੰਜਰਾ ਹੈ*
*ਤੇ ਪਿੰਜਰੇ 'ਚ ਕੈਦ ਪੰਛੀ*
*ਇੱਕ ਪਾਸੇ*
*ਲਾਇਸੋਲ ਵਾਈਪਸ*
*ਸਪਰੇਅ, ਗਲੱਵਜ਼*
*ਦੂਜੇ ਪਾਸੇ*
*ਵਿਰੋਧਾਭਾਸ*
*ਭਾਫ਼ਾਂ ਮਾਰਦਾ ਗਰਮ ਪਾਣੀ*
*ਕੁਝ ਐਂਟੀਬਾਇਉਟਿਕਸ*
*ਘਰੇਲੂ ਨੁਸਖ਼ਿਆਂ ਦਾ ਨਿਕ-ਸੁਕ*[7]

ਮੱਲ੍ਹਮ ਕਾਵਿ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਕੁਝ ਅਜਿਹੀਆਂ ਵੀ ਹਨ, ਜਿਨ੍ਹਾਂ ਵਿੱਚ ਪਿਆਰ ਮੁਹੱਬਤ ਦੀ ਗੱਲ ਪਰੰਪਰਾਗਤ ਤਰੀਕੇ ਨਾਲ ਕੀਤੀ ਗਈ ਹੈ। ਪਿਆਰ ਨੂੰ ਕਵਿਤਾਵਾਂ ਵਿਚ ਆਦਰਸ਼ਵਾਦੀ ਦ੍ਰਿਸ਼ਟੀਕੋਣ ਤੋਂ ਚਿਤਵਿਆ ਗਿਆ ਹੈ। ਜੋ ਹਰ ਮੁਸ਼ਕਿਲ ਜਾਂ ਔਕੜ ਨੂੰ ਵੰਗਾਰ ਵਜੋਂ ਸਵੀਕਾਰ ਕਰਨ ਦੀ ਪ੍ਰੇਰਣਾ ਦਿੰਦਾ ਹੈ। ਉਸ ਦੀ ਕਵਿਤਾ ਵਿਚ ਪਿਆਰ ਦੀ ਕੋਈ ਵੀ ਮੰਜ਼ਿਲ ਆਖ਼ਰੀ ਨਹੀਂ। ਇਹ ਅਨੰਤਤਾ ਵੱਲ ਕੀਤੇ ਗਏ ਸਫ਼ਰ ਦਾ ਨਾਂ ਹੈ। ਇਹੋ ਪਿਆਰ ਹੀ ਕਵਿਤਾ ਸਿਰਜਣ ਦਾ ਜ਼ਰੀਆ ਵੀ ਬਣਦਾ ਹੈ। ਇਸ ਕਵਿਤਾ ਵਿਚਲਾ ਪਿਆਰ ਸਮਰਪਣ ਦੇ ਭਾਵ ਨਾਲ ਲਬਰੇਜ਼ ਹੈ। ਆਪਣੀ ਹਉਮੈਂ ਨੂੰ ਮਾਰਨ ਦੀ ਗੱਲ ਵੀ ਇਹ ਪਿਆਰ ਕਰਦਾ ਹੈ।

*"ਉਸ ਨੂੰ ਤੁਸੀਂ ਮੁਹੱਬਤ ਕਹਿ ਲਵੋ, ਕਵਿਤਾ ਕਹਿ ਲਵੋ, ਮੈਨੂੰ ਤਾਂ ਇੱਕੋ ਚੀਜ਼ ਲੱਗਦੀ ਹੈ। ਕਵਿਤਾ, ਮੁਹੱਬਤ ਅਤੇ ਧਰਮ ਇਕ ਚੀਜ਼ ਹਨ ਅਤੇ ਜੀਵਨ ਦੇ ਇੱਕੋ ਪਹਿਲੂ ਨੂੰ ਵੱਖ-ਵੱਖ ਨਾ ਦਿੱਤੇ ਗਏ ਹਨ ਅਤੇ ਕਵਿਤਾ ਇਸ ਦਾ ਸਭ ਤੋਂ ਜ਼ੋਰਦਾਰ ਪ੍ਰਗਟਾਵਾ ਹੈ।"*[8]

ਇਸ ਪਿਆਰ ਦੀ ਗੱਲ ਜੰਜੂਆ ਦੀ ਕਵਿਤਾ ਵਿਚ ਵੇਖੀ ਜਾ ਸਕਦੀ ਹੈ:

*ਹੁਣ!*
*ਪਤਾ ਲੱਗਾ*
*ਕਿ ਰੂਹਾਂ*
*ਕਿੰਜ ਹੁੰਦੀਆਂ ਨੇ ਜ਼ਖ਼ਮੀਂ*
*ਤੇ ਰੂਹਾਂ*
*ਕਿੰਜ*
*ਹੁੰਦੀਆਂ ਨੇ ਕਤਲ*
*ਰੋਜ਼ ਕਿਸੇ ਦੀ ਉਡੀਕ 'ਚ*
*ਅੱਜਕੱਲ੍ਹ*
*ਮੈਂ ਪਿਆਰ 'ਚ ਹਾਂ*[9]

ਡਾ. ਜੰਜੂਆ ਦਾ ਪਰਵਾਸੀ ਕਵੀ ਹੋਣ ਕਰਕੇ, ਪ੍ਰਵਾਸ ਦੇ ਸੰਤਾਪ ਦੀ ਪੇਸ਼ਕਾਰੀ ਉਸ ਦੀਆਂ ਕਵਿਤਾਵਾਂ ਵਿੱਚ ਸੁਭਾਵਿਕ ਹੀ ਹੋਈ ਹੈ। ਉਸ ਦੁਆਰਾ ਪ੍ਰਵਾਸ ਦੌਰਾਨ ਪੈਦਾ ਹੋਈ ਉਪਰਾਮਤਾ ਨੂੰ ਬਿਆਨ ਕੀਤਾ ਗਿਆ ਹੈ। ਕਵਿਤਾ ਵਿੱਚ ਉਹ ਆਪਣੇ ਪਿੱਛੇ ਛੱਡ ਆਏ ਪਰਿਵਾਰ ਨੂੰ ਯਾਦ ਕਰਦਾ ਹੈ। ਆਪਣੀ ਬੁੱਢੀ ਮਾਂ ਨੂੰ ਸੰਬੋਧਨ ਕਰਦਿਆਂ ਲਿਖਦਾ ਹੈ, ਕਿ ਰੋਜ਼ੀ-ਰੋਟੀ ਦੀ ਭਾਲ ਵਿੱਚ ਉਹ ਹਜ਼ਾਰਾਂ ਮੀਲ ਦੂਰ ਚਲਾ ਆਇਆ ਹੈ ਪਰ ਮਾਂ ਤੂੰ ਮੇਰੀ ਉਡੀਕ ਵਿੱਚ ਕਿਤੇ ਬਸੀਮੇ (ਪਿੰਡ ਦੀ ਹੱਦ/ਸੀਮਾ) ਵਿਚ ਖੜੀ ਮੈਨੂੰ ਉਡੀਕਦੀ ਹੋਏਗੀ। ਇਸ ਤੋਂ ਇਲਾਵਾ ਕਵੀ ਸੁਪਨੇ ਰਾਹੀਂ ਵੀ ਪਿੰਡ ਨੂੰ ਸਿਮਰਦਾ ਰਹਿੰਦਾ ਹੈ। ਉਸ ਨੂੰ ਆਪਣੇ ਦੇਸ਼ ਪੰਜਾਬ ਦੇ ਪਿੰਡ ਦਾ ਸੁਪਨਾ ਆਉਂਦਾ ਹੈ। ਉਸਨੂੰ ਪਾਟਦੀ ਲੋਅ, ਸਰਘੀ ਵੇਲਾ, ਖੇਤਾਂ ਨੂੰ ਜਾਂਦੇ ਕੰਮੀ ਅਤੇ ਕਿਸਾਨ, ਆਲਣਿਆਂ ਚੋਂ ਨਿਕਲਦੇ ਪੰਛੀ, ਬਲਦਾਂ ਦੀਆਂ ਟੱਲੀਆਂ ਆਦਿ ਯਾਦ ਆਉਂਦੀਆਂ ਹਨ। ਇਹ ਕਵਿਤਾ ਪਰਵਾਸ ਦੀ ਉਹ ਕਹਾਣੀ ਬਿਆਨ ਕਰਦੀ ਹੈ। ਜਿਸ ਵਿਚ ਤਿੰਨ ਪੀੜੀਆਂ ਸ਼ਾਮਲ ਹਨ। ਪਰਵਾਸ ਕਰਨ ਵਾਲਾ ਵਿਅਕਤੀ ਇਕੱਲਾ ਹੀ ਸੰਤਾਪ ਨਹੀਂ ਭੋਗਦਾ ਸਗੋਂ ਉਸਦੇ ਕਰੀਬੀ ਵੀ ਇਸ ਸੰਤਾਪ ਵਿਚ ਬਰਾਬਰ ਦੇ ਸ਼ਰੀਕ ਹੁੰਦੇ ਹਨ। ਉਹ ਪਰਵਾਸੀ ਦੀ ਉਡੀਕ ਦੇ ਰੂਪ ਵਿਚ, ਇਸ ਨੂੰ ਭੋਗਦੇ ਹਨ। ਇੱਥੇ ਹੀ ਇਸ ਕਾਵਿ ਸੰਗ੍ਰਹਿ ਵਿਚ ਪਰਵਾਸ ਕਾਰਨ ਉਤਪੰਨ ਹੋਏ ਪੀੜੀ-ਪਾੜੇ ਨੂੰ ਵੀ ਉਜਾਗਰ ਕਰਦਾ ਹੈ। ਪੱਛਮੀ ਮੁਲਕਾਂ ਦੇ ਅਤੇ ਭਾਰਤੀ (ਪੰਜਾਬੀ) ਸੱਭਿਆਚਾਰ ਦੇ ਲੋਕ-ਜੀਵਨ, ਰਹਿਣ-ਸਹਿਣ, ਕਦਰਾਂ-ਕੀਮਤਾਂ ਵਿਚ ਵੱਡਾ

ਫ਼ਰਕ ਹੈ। ਬਾਹਰਲੇ ਮੁਲਕ ਵਿਚ ਜੰਮੇ-ਪਲੇ ਬੱਚੇ, ਸਥਾਨਿਕ ਸੱਭਿਆਚਾਰ ਨੂੰ ਅਪਣਾ ਲੈਦੇਂ ਹਨ। ਉਹਨਾਂ ਦਾ ਉਹੀ ਆਪਣਾ ਦੇਸ ਬਣ ਜਾਂਦਾ ਹੈ। ਭਾਰਤੀ ਜਾਂ ਪੰਜਾਬੀ ਮਾਂ-ਪਿਓ ਆਪਣੀ ਔਲਾਦ ਤੋਂ ਭਾਰਤੀ ਜਾਂ ਪੰਜਾਬੀ ਸੱਭਿਆਚਾਰ ਦੇ ਅਨੁਸਾਰੀ ਹੋਣ ਦੀ ਕਾਮਨਾ ਕਰਦੇ ਹਨ ਪਰ ਪੱਛਮੀ ਮਹੌਲ ਵਿਚ ਪਲੇ ਬੱਚੇ ਪੰਜਾਬੀ ਸੱਭਿਆਚਾਰ ਨੂੰ ਅਪਣਾਉਂਣ ਤੋਂ ਇਨਕਾਰੀ ਹਨ। ਇਸ ਪ੍ਰਸੰਗ ਵਿਚ ਇਕ ਕਵਿਤਾ ਵੇਖੀ ਜਾ ਸਕਦੀ ਹੈ:

*ਜਿਵੇਂ!*
*ਅਸੀਂ ਆਏ ਸਾਂ*
*ਘਰ ਤੋਂ ਸੱਤ ਸਮੁੰਦਰ ਪਾਰ*
*ਉਵੇਂ ਹੀ ਧੀਆਂ-ਪੁੱਤ*
*ਲੰਘ ਗਏ ਨੇ*
*ਸਾਡੇ ਤੋਂ ਕਈ ਸਮੁੰਦਰ ਪਾਰ*
*ਉਹਨਾਂ ਦੇ ਪਰਤਣ ਦੀ*
*ਸਦਾ ਰਹਿੰਦੀ ਹੈ ਉਡੀਕ* [10]

ਨਾਰੀ ਚੇਤਨਾ ਅੱਜ ਦੇ ਸਮੇਂ ਦਾ ਇਕ ਗੰਭੀਰ ਮੁੱਦਾ ਬਣ ਗਿਆ ਹੈ। ਜੰਜੂਆ ਔਰਤਾਂ ਦੀ ਗੱਲ ਵੀ ਆਪਣੀ ਕਵਿਤਾ ਵਿੱਚ ਕਰਦਾ ਹੈ। ਇਸ ਸਬੰਧੀ ਹੋਰ ਵੀ ਬਹੁਤ ਸਾਰੇ ਲੇਖਕਾਂ ਨੇ ਆਪਣੇ-ਆਪਣੇ ਢੰਗ ਨਾਲ ਲਿਖਿਆ ਹੈ। ਗੁਰੂ ਨਾਨਕ ਦੇਵ ਵੀ ਇਸਤਰੀ ਦੀ ਹਾਲਤ ਨੂੰ ਸੁਧਾਰਨ ਲਈ ਪਹਿਲਾ ਯਤਨ ਕਰਦੇ ਹਨ- "ਸੋ ਕਿਉ ਮੰਦਾ ਆਖਿਐ ਜਿਤੁ ਜੰਮਹਿ ਰਾਜਾਨ।" ਗੁਰੂ ਨਾਨਕ ਦੇਵ ਜੀ ਨੇ ਵੀ ਇਸਤਰੀ ਅਤੇ ਮਰਦ ਦੇ ਪਾੜੇ ਨੂੰ ਬਰਾਬਰ ਕਰਨ ਦਾ ਯਤਨ ਕੀਤਾ ਹੈ। ਉਸ ਨੂੰ ਸਮਾਜ ਵਿਚ ਬਣਦਾ ਰੁਤਬਾ ਅਤੇ ਮਾਨ-ਸਨਮਾਨ ਦੇਣ ਦੀ ਗੱਲ ਕੀਤੀ ਹੈ। ਇਹ ਚਿੰਤਨ ਅੱਜ ਦੀ ਕਵਿਤਾ ਵਿਚ ਵਿਦਮਾਨ ਹੈ ਪਰ ਅੱਜ ਦੇ ਸਮੇਂ ਨਾਰੀਵਾਦ ਦਾ ਸਰੂਪ ਤਬਦੀਲ ਹੋ ਚੁਕਿਆ ਹੈ।

*"ਆਧੁਨਿਕ ਸਮਾਜਿਕ ਸੰਸਥਾਵਾਂ ਦੀਆਂ ਅਨੇਕਾਂ ਕੈਦਾਂ 'ਚ ਔਰਤ ਦੇ ਵਜੂਦ ਨੂੰ ਪਤੀ ਵੱਲੋਂ ਹੀ ਦੇਹ ਤੱਕ ਰੀਡਿਊਸ ਨਹੀਂ ਕੀਤਾ ਜਾਂਦਾ ਸਗੋਂ ਪਰਿਵਾਰ ਚ ਮਾਪਿਆਂ ਵੱਲੋਂ ਵੀ ਧੀ ਦੇ ਵਜੂਦ ਨੂੰ ਭਾਰ ਸਮਝਿਆ ਜਾ ਰਿਹਾ ਹੈ।"* [11]

ਅਜਿਹਾ ਹੀ ਸਾਨੂੰ ਡਾ. ਜੰਜੂਆ ਦੀਆਂ ਕਵਿਤਾਵਾਂ ਵਿੱਚ ਦ੍ਰਿਸ਼ਟੀਗੋਚਰ ਹੁੰਦਾ ਹੈ। ਜਿਨਾਂ ਵਿੱਚ ਨਾਰੀ ਨੂੰ ਕੇਂਦਰ ਵਿੱਚ ਰੱਖਿਆ ਗਿਆ ਹੈ। ਅਜਿਹੀ ਹੀ ਇੱਕ ਕਵਿਤਾ ਵਿੱਚ ਕਵੀ ਆਪਣੀ ਨਵਜਾਤ ਬੱਚੀ ਨੂੰ ਮੁਖ਼ਾਤਿਬ ਹੋ ਕੇ ਨਾਰੀਵਾਦ ਦੀ ਗੱਲ ਕਰਦਾ ਹੈ। ਕਵੀ ਸੋਚਦਾ ਹੈ ਕਿ ਔਰਤ ਨੂੰ ਸਮਾਜ ਵਿਚ ਬਰਾਬਰ ਦਾ ਦਰਜਾ ਦਿੱਤਾ ਜਾਵੇ। ਇਹ ਕਵਿਤਾ ਔਰਤ ਦੀਆਂ ਅਕਾਂਖਿਆਵਾਂ ਦੀ ਵੇਦਨਾਮਈ ਗੱਲ ਕਰਦੀ ਹੋਈ, ਉਹਨਾਂ ਪ੍ਰਤੀ ਸਤਿਕਾਰਤ ਭਾਵ ਵਿਅਕਤ ਕਰਦੀ ਹੈ। ਕਵਿਤਾਵਾਂ ਵਿਚ ਨਾਰੀ ਚੇਤਨਾ ਤੋਂ ਵਧਕੇ ਮਰਦ ਦੀ ਜਾਗਰੂਕਤਾ ਵੱਲ ਉਲਾਰ ਸਪਸ਼ਟ ਨਜ਼ਰ ਆਉਂਦਾ ਹੈ। ਕਵਿਤਾ ਨਾਰੀ ਚੇਤਨਾ ਦੀ ਗੱਲ ਨੂੰ ਵੀ ਮਰਦ ਦੀ ਮਰਜ਼ੀ ਉੱਪਰ ਛੱਡ ਦਿੰਦੀ ਹੈ। ਇਹ ਕਵਿਤਾ ਸੁਤੰਤਰ ਨਾਰੀਵਾਦ ਦੀ ਗੱਲ ਨਾ ਕਰਕੇ ਔਰਤ ਬਨਾਮ ਮਰਦ ਦੇ ਪ੍ਰਸੰਗ ਵਿਚ ਨਾਰੀਵਾਦ ਦੀ ਪ੍ਰਵਚਨ ਸਿਰਜਣਾ ਕਰਦੀ ਨਜ਼ਰ ਆਉਂਦੀ ਹੈ। ਇਸ ਪ੍ਰਸੰਗ ਵਿਚ ਇਹ ਕਵਿਤਾ ਵੇਖੀ ਜਾ ਸਕਦੀ ਹੈ-

*ਹੁਣ!*
*ਮੈਂ ਚਾਹੁੰਦਾ ਹਾਂ*
*ਧੀ ਨੂੰ ਇੰਨਾ ਦੇਵਾਂ ਪਿਆਰ*
*ਤੇ ਧੋਅ ਦੇਵਾਂ ਪੁਸ਼ਤਾਂ-ਬੱਧੀ*
*ਧੀਆਂ ਦੀਆਂ ਰੂਹਾਂ ਦੇ ਜ਼ਖ਼ਮ*
*'ਤੇ ਲਾ ਦਿਆਂ*
*ਅਦਬ-ਸਤਿਕਾਰ ਦਾ ਮੱਲ੍ਹਮ* [12]

ਸਾਡੇ ਸਮਾਜ ਵਿਚ ਭਰੂਣ ਹੱਤਿਆ, ਸਤੀ ਪ੍ਰਥਾ, ਦਾਜ ਪ੍ਰਥਾ ਆਦਿ ਵਰਗੀਆਂ ਅਲਾਮਤਾਂ ਸਮੇਂ-ਸਮੇਂ 'ਤੇ ਰਹੀਆਂ ਹਨ। ਅੱਜ ਦੇ ਸਮੇਂ ਭਾਵੇਂ ਕੁਝ ਅਲਾਮਤਾਂ ਘਟ ਜਾਂ ਖ਼ਤਮ ਹੋ ਗਈਆਂ ਹਨ ਪਰ ਹੁਣ ਵੀ ਨਾਰੀ ਆਪਣੀ ਹੋਣੀ ਦੀ ਮਾਲਕ ਨਹੀਂ ਬਣ ਸਕੀ। ਅੱਜ ਵੀ ਔਰਤ ਲਈ ਨਵੀਂਆਂ ਚੁਣੌਤੀਆਂ ਖੜੀਆਂ ਹਨ। ਔਰਤ ਨੂੰ ਇਕ ਵਸਤੂ ਦੇ ਰੂਪ ਵਿਚ ਵੇਖਿਆ ਜਾਂਦਾ ਹੈ। ਬਾਹਰਲੇ ਮੁਲਕਾਂ ਵਿੱਚ ਜਾਣ ਲਈ ਪੌੜੀ ਵਾਂਗ ਸਮਝਿਆ ਜਾਂਦਾ ਹੈ। ਅੱਜ ਵੀ ਲੋਕ ਬੇਜੋੜ-ਵਿਆਹ ਕਰਨ ਤੋਂ ਗੁਰੇਜ਼ ਨਹੀਂ ਕਰਦੇ। ਆਪਣੇ ਲਾਲਚ ਵੱਸ ਲੋਕ ਆਪਣੀਆਂ ਧੀਆਂ ਨੂੰ ਬਾਹਰਲੇ ਦੇਸ਼ਾਂ ਤੋਂ ਆਏ ਵੱਡੀ ਉਮਰ ਦੇ ਵਿਅਕਤੀਆਂ ਨਾਲ ਵਿਆਹ ਕੇ ਤੋਰਨ ਲਈ ਵੀ ਰਾਜੀ ਹੋ ਜਾਂਦੇ ਹਨ।

*ਇਤਿਹਾਸ 'ਚ ਫਿਰ*
*ਮਾਪਿਆਂ ਨੂੰ ਜਚਿਆ*
*ਬੇਜੋੜ-ਵਿਆਹ*
*ਜਾਪਿਆ ਵਿਦੇਸ਼ ਸਵਰਗ*
*ਉਹ ਹੋ ਗਈ ਸਵਰਗ ਵਿੱਚ ਕੈਦ* [13]

ਡਾ. ਜੰਜੂਆ ਆਪਣੀ ਕਵਿਤਾ ਵਿੱਚ ਕਿਰਤੀ ਮਜ਼ਦੂਰਾਂ ਦੀਆਂ ਵੇਦਨਾਵਾਂ ਦੀ ਗੱਲ ਵੀ ਕਰਦਾ ਹੈ। ਉਹਨਾਂ ਨੂੰ ਦੇਵਤੇ ਕਹਿ ਕੇ ਸੰਬੋਧਿਤ ਹੁੰਦਾ ਹੈ। ਇਹ ਲੋਕ ਸਾਰਾ ਦਿਨ ਕੰਮ ਕਰਕੇ ਆਪਣਾ ਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਦੇ ਹਨ। ਇਹਨਾਂ ਨੂੰ ਕਿਸੇ ਵੀ ਰੁੱਤ ਵਿੱਚ ਕਿਸੇ ਵੀ ਪ੍ਰਕਾਰ ਦੀ ਛੁੱਟੀ ਵਰਗੀ ਰਾਹਤ ਨਹੀਂ ਹੁੰਦੀ। ਇਸ ਪੂੰਜੀਵਾਦੀ ਯੁੱਗ ਵਿਚ ਮਸ਼ੀਨੀਕਰਨ ਦੀ ਆਮਦ ਕਾਰਨ ਕਿਰਤ ਦੀ ਲੁੱਟ ਹੋਰ ਵੀ ਸੁਖਾਲੀ ਹੋ ਗਈ ਹੈ। ਸਿੱਟੇ ਵੱਜੋ ਕਿਰਤੀ ਲੋਕਾਂ ਦੀ ਕਿਰਤ ਦਾ ਪੂਰਾ ਮੁੱਲ ਅਦਾ ਨਹੀਂ ਹੁੰਦਾ। ਉਹ ਹੋਰ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋ ਜਾਂਦੇ ਹਨ। ਇਹ ਪੂੰਜੀਵਾਦ ਦਾ ਅਜਿਹਾ ਦੌਰ ਹੈ ਜੋ ਸਿਰਫ਼ ਲਾਭ ਦਾ ਗੱਲ ਕਰਦਾ ਹੈ। ਇਸ ਦਾ ਕਿਰਤੀ ਵਰਗ ਨਾਲ ਕੋਈ ਸਰੋਕਾਰ ਨਹੀਂ। ਕਿਰਤੀ ਵਰਗ ਸਾਧਨਾਂ ਦੀ ਘਾਟ ਕਾਰਣ ਤੰਗੀਆਂ-ਤੁਰਸ਼ੀਆਂ ਵਾਲਾ ਜੀਵਨ ਜਿਊਣ ਲਈ ਮਜਬੂਰ ਹੈ। ਇਹ ਵਰਗ ਦੂਜਿਆਂ ਲਈ ਵਸਤਾਂ ਜਾਂ ਸਾਧਨ ਪੈਦਾ ਕਰਕੇ ਖ਼ੁਦ ਉਸ ਤੋਂ ਵਾਂਝਾ ਰਹਿੰਦਾ ਹੈ। ਕਿਰਤੀ ਵਰਗ ਕੇਵਲ ਉਤਪਾਦਨ ਦਾ ਸੰਦ ਬਣਕੇ ਰਹਿ ਜਾਂਦਾ ਹੈ। ਇਕ ਕਵਿਤਾ ਇਸ ਸੰਦਰਭ ਵਿਚ ਵੇਖੀ ਜਾ ਸਕਦੀ ਹੈ-

*ਚੌਂਕ 'ਚ ਵਿਕਦਿਆਂ*
*ਖੇਤਾਂ 'ਚ ਖਪਦਿਆਂ*
*ਧੁੱਪਾਂ 'ਚ ਤਪਦਿਆਂ*
*ਕੋਰੇ 'ਚ ਠਰਦਿਆਂ*
*ਚੁੱਪ ਨੂੰ ਚਿਹਰੇ ਤੇ ਲਪੇਟੀ*
*ਫਿਰ ਰਹੇ ਮਜ਼ਦੂਰ*
*ਮੈਨੂੰ*
*ਜਾਪਦੇ ਨੇ*
*ਭੋਲੇ ਤਪੱਸਵੀ*
*ਪਤਾ ਨਹੀਂ*
*ਹੋਰ ਕਿੰਨੇ ਯੁਗ*
*ਚਲਦੀ ਰਹੇਗੀ*
*ਇਹਨਾਂ ਦੀ ਤਪੱਸਿਆ*[14]

ਕਵੀ ਸਮਾਜ ਵਿਚਲੇ ਅਨਿਆਂ, ਸਮਾਜਿਕ ਕੁਰੀਤੀਆਂ ਜਾਂ ਸ਼ੋਸ਼ਣ ਆਦਿ ਨੂੰ ਵੀ ਆਪਣੀਆਂ ਕਵਿਤਾਵਾਂ ਵਿੱਚ ਪੇਸ਼ ਕਰਦਾ ਹੈ। ਭਾਵੇਂ ਕਿ ਜੰਜੂਆ ਅੱਜ ਦੇ ਸਮੇਂ ਕਵਿਤਾ ਲਿਖ ਰਿਹਾ ਹੈ ਪਰ ਉਸ ਦੁਆਰਾ ਛੋਹੇ ਗਏ ਬਹੁਤੇ ਵਿਸ਼ੇ ਪ੍ਰੰਪਰਾਵਾਦੀ ਹਨ। ਜਦੋਂ ਉਹ ਪਰਵਾਸ ਦੀ ਗੱਲ ਕਰਦਾ ਹੈ ਤਾਂ ਉਹ ਭੂ-ਹੇਰਵਾ, ਪੀੜੀ-ਪਾੜਾ ਆਦਿ ਦੀ ਗੱਲ ਕਰਦਾ ਹੈ। ਉਹ ਆਪਣੀਆਂ ਕਵਿਤਾਵਾਂ ਵਿਚ ਕੁੜੀਆਂ ਲਈ ਪਰੰਪਰਾਗਤ ਮੈਟਾਫ਼ਰ ਚਿੜੀਆਂ ਦੀ ਵਰਤੋਂ ਕਰਦਾ ਹੈ। ਇਹ ਮੈਟਾਫ਼ਰ ਸਾਡੇ ਲੋਕ ਸਾਹਿਤ ਤੋਂ ਲੈ ਕੇ ਸਮਕਾਲੀ ਕਵਿਤਾ ਤੱਕ ਆ ਜਾਂਦਾ ਹੈ। ਜੰਜੂਆ ਵੀ ਆਪਣੀਆਂ ਕਵਿਤਾਵਾਂ **ਚਿੜੀ** ਅਤੇ **ਇਸ ਦੇਸ ਵਿਚ**, ਇਸ ਮੈਟਾਫ਼ਰ ਦੀ ਵਰਤੋਂ ਖ਼ੂਬ ਕਰਦਾ ਹੈ। ਪ੍ਰੰਪਰਾਵਾਦੀ ਮੈਟਾਫਰ ਦੇ ਨਾਲ-ਨਾਲ ਲੇਖਕ ਦੀ ਕਵਿਤਾ ਕਈ ਥਾਵਾਂ ਤੇ ਵਾਰਤਕ ਦੇ ਪ੍ਰਭਾਵ ਵਾਲੀ ਵੀ ਜਾਪਦੀ ਹੈ। ਕਵਿਤਾ **ਰੋਸ 3** ਤੋਂ ਇਲਾਵਾ ਹੋਰ ਵੀ ਬਹੁਤੀਆਂ ਕਵਿਤਾਵਾਂ ਵਿਚ ਜੰਜੂਆ ਦਾ ਨਿੱਜ ਭਾਰੂ ਹੁੰਦਾ ਦਿਖਾਈ ਦਿੰਦਾ ਹੈ, ਜੋ ਕਿ ਇਸ ਕਵਿਤਾ ਦੀ ਸੀਮਾਂ ਵਜੋਂ ਵੇਖਿਆ ਜਾ ਸਕਦਾ ਹੈ।

ਡਾ. ਜੰਜੂਆ ਆਪਣੀ ਕਵਿਤਾ ਨੂੰ ਲੋਕਾਈ ਦੇ ਪੱਖ ਵਿਚ ਲਿਖਦਾ ਹੈ। ਇਹ ਕਵਿਤਾ ਸਮਾਜਿਕ ਸਰੋਕਾਰਾਂ ਨਾਲ ਜੁੜੀ ਕਵਿਤਾ ਹੈ। ਇਹ ਕਵਿਤਾ ਅਰਸ਼ ਨਹੀਂ ਫ਼ਰਸ਼ ਦੀ ਕਵਿਤਾ ਹੈ। ਡਾ. ਜੰਜੂਆ ਦੀ ਕਵਿਤਾ ਸ਼ੋਸ਼ਿਤ ਵਰਗ, ਉਹ ਚਾਹੇ ਮਜ਼ਦੂਰ ਹੋਣ, ਔਰਤਾਂ ਹੋਣ ਜਾਂ ਕਿਸਾਨ ਹੋਣ ਸਭ ਲੋਕਾਂ ਦੀਆਂ ਅਕਾਂਖਿਆਵਾਂ ਨੂੰ ਲਿਖਦੀ ਹੋਈ ਬਰਾਬਰੀ ਦਾ ਸਮਾਜ ਸਿਰਜਣ ਦੀ ਹਾਮੀ ਨਜ਼ਰ ਆਉਂਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. *ਕਰਮਜੀਤ ਸਿੰਘ, ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦੇ ਵਿਚਾਰਧਰਾਈ ਆਧਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2015, ਪੰਨਾ: 11*
2. *ਉਹੀ, ਪੰਨਾ: 17*
3. *ਹਰਿਭਜਨ ਸਿੰਘ, ਸਾਹਿਤ ਵਿਗਿਆਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2021, ਪੰਨਾ: 64*
4. *ਗੁਰੂਮੇਲ ਸਿੱਧੂ, ਖੁੱਲ੍ਹੀ ਕਵਿਤਾ ਦੇ ਮਾਪਦੰਡ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2008, ਪੰਨਾ: 11*
5. *ਕੁਲਜੀਤ ਸਿੰਘ ਜੰਜੂਆ, ਮੱਲ੍ਹਮ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, 2023, ਪੰਨਾ: 94*
6. *ਉਹੀ, ਪੰਨਾ: 67*
7. *ਉਹੀ, ਪੰਨਾ: 84*

ISSN (Online): 2583-9446

8. ਸੁਰਤਿ ਮੈਗਜ਼ੀਨ, ਪੰਜਾਬੀ ਅਕਾਦਮੀ ਅੰਮ੍ਰਿਤਸਰ, ਅੰਕ 1, ਪੰਨਾ: 176
9. ਮੱਲ੍ਹਮ, ਪੰਨਾ: 65
10. ਉਹੀ, ਪੰਨਾ: 56
11. ਯੋਗਰਾਜ, ਨਵੀਂ ਪੰਜਾਬੀ ਸ਼ਾਇਰੀ ਸਮਕਾਲੀ ਸੰਦਰਭ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2014, ਪੰਨਾ: 20
12. ਮੱਲ੍ਹਮ, ਪੰਨਾ: 19
13. ਉਹੀ, ਪੰਨਾ: 97
14. ਉਹੀ, ਪੰਨਾ: 75